


Scanned with CamScanner

RNI : JKPUN/2002/6333 UGC Care List ISSN : 2456 - 253X

ਮਨੁੱਖੀ ਕਦਰਾਂ ਦਾ ਰਚਨਾਤਮਕ ਸਫ਼ਰ

(A Creative Journey of Human Values)

# ਆਬਰੂ

ਸਾਲ : 20 ਅੰਕ : 10 - 12
ਅਕਤੂਬਰ-ਦਸੰਬਰ 2021

ਸੰਪਾਦਕ
ਬਲਜੀਤ ਸਿੰਘ ਰੈਨਾ
ਮੋਬਾ : 97976-57211
ਸੰਪਾਦਕ ਮੰਡਲ
ਡਾ. ਮਨਜੀਤ
ਮੋਬਾ : 94191-39906
ਦੇਵਿੰਦਰ ਸਿੰਘ ਵਿਸ਼ਵਨਾਗਰਿਕ
ਮੋਬਾ : 95966-52796
ਜੰਗ ਐਸ. ਵਰਮਨ
ਮੋਬਾ : 94192-10834
ਸਹਾਇਕ ਸੰਪਾਦਕ
ਸੁਰਿੰਦਰ ਨੀਰ*
ਮੋਬਾ : 96220-06304
ਰਾਜਵੀਰ ਸਿੰਘ
ਮੋਬਾ : 84920-05225
ਗੁਰਪ੍ਰੀਤ ਕੌਰ
ਮੋਬਾ : 99060-03940
ਸਲਾਹਕਾਰ
ਡਾ. ਪ੍ਰੀਤਮ ਸਿੰਘ
ਕਨੇਡਾ ਪ੍ਰਤੀਨਿਧ
ਡਾ. ਅਰਵਿੰਦਰ ਕੌਰ
ਮੋਬਾ : +1 416-450-0554
ਈਮੇਲ : baljeetraina58@gmail.com

ਮੁੱਲ : ਇਕ ਕਾਪੀ 75 ਰੁਪਏ
ਡਾਕ ਦੁਆਰਾ 100 ਰੁਪਏ
ਦੇਸ਼ ਸਲਾਨਾ : 300 ਰੁਪਏ
ਡਾਕ ਦੁਆਰਾ : 400 ਰੁਪਏ
ਜੀਵਨਸਾਥ : 5000 ਰੁਪਏ
ਵਿਦੇਸ਼ ਸਲਾਨਾ : 30 ਡਾਲਰ, 15 ਪੌਂਡ
ਜੀਵਨ ਸਾਥ : 500 ਡਾਲਰ, 250 ਪੌਂਡ

ਸੰਪਾਦਕ ਜਾਂ ਪ੍ਰਕਾਸ਼ਕ ਦਾ ਰਚਨਾਵਾਂ ਵਿੱਚ ਵਿਅਕਤ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਤਰ੍ਹਾਂ ਦੇ ਵਾਦ-ਵਿਵਾਦ ਦਾ ਹਲ ਜੰਮੂ ਵਿਖੇ ਹੀ ਹੋਵੇਗਾ।

* ਆਨਰੇਰੀ

## ਤਰਤੀਬ

ਸੰਪਾਦਕੀ : ਜੰਮੂ ਕਸ਼ਮੀਰ ਵਿਦਿਅਕ ਖੇਤਰ ਵਿੱਚ ਪੰਜਾਬੀ ਭਾਸ਼ਾ/ਦੇਵਿੰਦਰ ਸਿੰਘ ਵਿਸ਼ਵਨਾਗਰਿਕ/2
ਡਾਇਰੀ : ਮੈਂ ਤੇ ਕਿਤਾਬਾਂ-9/ਡਾ. ਮਨਜੀਤ/6
ਕਹਾਣੀਆਂ : ਸੰਧੀ ਨਹੀਂ/ਇੰਦ੍ਰਪਾਲ/8
ਜੰਗੀ ਕਨਡਾ ਆਲਾ/ਰਾਜਵੀਰ ਸਿੰਘ/11
ਮੁਲਾਕਾਤ : ਮੁਲਾਕਾਤ/ਪੰਪਿੰਦਰ ਸਿੰਘ ਪਾਰਸ/15
ਕਵਿਤਾਵਾਂ : ਦੁਸ਼ਹਿਰਾ/ਜੰਗ ਐਸ. ਵਰਮਨ/20
ਮੈਂ ਉਹੀ ਕੁੜੀ ਹਾਂ/ਪ੍ਰਭਜੋਤ ਕੌਰ/22
ਗ਼ਜ਼ਲਾਂ : ਚਾਰ ਗ਼ਜ਼ਲਾਂ/ਆਦੇਸ਼ ਅੰਕੁਸ਼/23
ਖੋਜ ਪੱਤਰ : ਗੁਰੂ ਨਾਨਕ ਬਾਣੀ ਵਿਚ ਸੱਚ ਦਾ ਪ੍ਰਵਚਨ/ਡਾ. ਕੰਵਲਦੀਪ ਕੌਰ/24
: ਅਮਰਜਿਓਤੀ ਦੀ ਕਵਿਤਾ ਦਾ ਸਮਾਜਿਕ ਪਰਿਪੇਖ/ਗੁਰਮਿੰਦਰ ਕੌਰ/27
: ਮਨਮੋਹਨ ਬਾਵਾ ਦਾ ਗਲਪ ਸੰਸਾਰ : .../ਅਮਨਦੀਪ ਕੌਰ/30
: ਨਿਰੰਜਨ ਤਸਨੀਮ ਦੇ ਨਾਵਲਾਂ ਬਾਰੇ ਸੰਖੇਪ ਸਰਵੇਖਣ/ਕਵਲਜੀਤ ਕੌਰ, ਗਾਇਡ : ਡਾ. ਲਖਵਿੰਦਰ ਕੌਰ/34
: ਕਿਸਾਨੀ ਸੰਕਟ ਨਾਵਲ 'ਅੰਨਦਾਤਾ' ਅਤੇ.../ਕੁਲਵਿੰਦਰ ਕੌਰ/38
: ਰਵਿੰਦਰ ਰਵੀ : ਵਿਚਾਰਧਾਰਕ ਪਰਿਪੇਖ/ਮੋਨਿਕਾ/42
: ਡਾ. ਸਤੀਸ਼ ਕੁਮਾਰ ਵਰਮਾ ਦੀ ਸੰਪਾਦਨ ਕਲਾ/ਡਾ. ਗੁਰਜੀਤ ਕੌਰ/45
: ਅਜਮੇਰ ਸਿੰਘ ਦੀਆਂ ਕਹਾਣੀਆਂ ਦੇ ਸਮਾਜਿਕ ਸਰੋਕਾਰ/ਕੰਵਲ ਰਾਮ/47
: ਦਲਿਤ ਕਵਿਤਾ ਦਾ ਇਤਿਹਾਸ ਅਤੇ ਪਰੰਪਰਾ/ਕਿਰਨਦੀਪ ਕੌਰ/52
: ਦੇਵਿੰਦਰ ਕੁਮਾਰ ਦੇ ਨਾਟਕਾਂ .../ਜਗਮੋਹਨੀ ਗਾਬਾ ਚਾਵਲਾ/56
: ਭਾਰਤੀ ਭਗਤੀ ਪ੍ਰੰਪਰਾ ਵਿੱਚ ਸਰਗੁਣ ਅਤੇ.../ਮਨਿੰਦਰ ਸਿੰਘ, ਸਹਾਇਕ ਪ੍ਰੋ. ਡਾ. ਲਖਵਿੰਦਰ ਕੌਰ/59
: ਲਾਲ ਸਿੰਘ ਦਿਲ ਦੀ 'ਦਾਸਤਾਨ' : ਇਕ ਜਾਇਜ਼ਾ.../ਡਾ. ਪਰਮਜੀਤ ਕੌਰ 'ਪਾਹੁਲ'/61
: ਹਰਜੀਤ ਅਟਵਾਲ ਦੇ ਨਾਵਲਾਂ .../ਬਿਕਰਮਜੀਤ ਸਿੰਘ/64
: ਪੰਜਾਬ ਦੀ ਲੋਕ-ਨਾਟ ਪਰੰਪਰਾ/ਸੀਮਾ/66
: ਗੁਰੂ ਨਾਨਕ ਦੇਵ ਜੀ ਦਾ ਦਾਰਸ਼ਨਿਕ ਦ੍ਰਿਸ਼ਟੀਕੋਣ/ਪ੍ਰੋ. ਪ੍ਰੇਮ ਲਤਾ/73
: ਗੁਰਬਾਣੀ ਵਿੱਚ ਮਨੁੱਖੀ ਏਕਤਾ ਦਾ ਸੰਕਲਪ/ਡਾ. ਕੰਚਨ ਸਿੰਘ/77
: ਪੰਜਾਬੀ ਕਿੱਸਾ-ਕਾਵਿ : ਸਾਕਾਦਾਰੀ ਪ੍ਰਬੰਧ.../ਡਾ. ਰੀਨਾ ਕੁਮਾਰੀ/79
: ਤੁਲਨਾਤਮਕ ਅਧਿਐਨ : ਸਾਹਿਤਕ ਅਤੇ ਸੱਭਿਆਚਾਰਕ ਮਹੱਤਤਾ/ਡਾ. ਵੀਨਾ ਕੁਮਾਰੀ/82
: ਡਾ. ਤ੍ਰਿਲੋਚਨ ਸਿੰਘ : ਸਿੱਖ ਸਾਹਿਤ.../ਸਵਰਨਦੀਪ ਸਿੰਘ/86
: ਨਿਮਨ ਕਿਸਾਨੀ ਦੇ ਦੁਖਾਂਤ ਬੋਧ.../ਡਾ. ਮਿਨਾਕਸ਼ੀ ਰਾਠੌਰ/90
: ਭਗਤ ਕਬੀਰ ਜੀ ਦੀ ਬਾਣੀ ਦਾ ਵਿਚਾਰਧਾਰਕ ਪਰਿਪੇਖ/ਗੁਰਪ੍ਰੀਤ ਸਿੰਘ/94
: ਬਾਰਹਮਾਹ ਤੁਖਾਰੀ ਤੇ ਬਾਰਹਮਾਹ ਮਾਝ.../ਡਾ. ਮਨਜੀਤ ਕੌਰ/98

ਛਾਪਕ, ਪ੍ਰਕਾਸ਼ਕ ਅਤੇ ਮਾਲਕ ਗੁਰਮੁਖ ਸਿੰਘ ਨੇ ਕਲਾਸਿਕ ਪ੍ਰਿੰਟਰਜ਼, ਬੜੀ ਬ੍ਰਾਹਮਣਾ ਤੋਂ ਛਪਵਾ ਕੇ 'ਦਫ਼ਤਰ ਆਬਰੂ' ਮਕਾਨ ਨੰਬਰ-5, ਕੁੰਜਵਾਨੀ, ਸ਼ਹੀਦ ਫਿਲਿੰਗ ਸਟੇਸ਼ਨ ਦੇ ਪਿੱਛੇ, ਜੰਮੂ 180010 ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ: ਬਲਜੀਤ ਸਿੰਘ ਰੈਨਾ

Printer, Publisher, and Owner Gurmukh Singh Printed it at M/S Classic Printers, Bari Brahmana and Published at Aabru office, H.No.5, Kunjwani, Behind Shaheed Filling Station Jammu-180010. Editor, Baljeet Singh Raina

Scanned with CamScanner

# ਤੁਲਨਾਤਮਕ ਅਧਿਐਨ : ਸਾਹਿਤਕ ਅਤੇ ਸੱਭਿਆਚਾਰਕ ਮਹੱਤਤਾ



— ਡਾ. ਵੀਨਾ ਕੁਮਾਰੀ —

ਸ਼ਬਦ ਤੁਲਨਾਤਮਕ 'ਤੁਲਨਾ 'ਕਰਨ ਦੀ ਪ੍ਰਕਿਰਿਆ ਵੱਲ ਸੰਕੇਤ ਕਰਦਾ ਹੈ ਤੁਲਨਾ ਸਮੇਂ, ਸਾਹਿਤ, ਵਸਤਾ, ਸਭਿਆਚਾਰ, ਲੋਕਯਾਨ ਨੂੰ ਇਸ ਤਰ੍ਹਾਂ ਪੇਸ਼ ਕਰਦਾ ਹੈ ਕਿ ਉਨ੍ਹਾਂ ਦੀਆਂ ਸਮਾਨਤਾਵਾ ਤੇ ਭਿੰਨਤਾਵਾ ਉੱਭਰ ਆਉਣ। ਤੁਲਨਾ ਨਿਸ਼ਚੇ ਹੀ ਦ੍ਰਿਸ਼ਟੀਆ ਦੀ ਵਿਭਿੰਨਤਾ ਨੂੰ ਸਵੀਕਾਰ ਕਰਕੇ ਤੁਰਦੀ ਹੈ। ਤੁਲਨਾਤਮਕ ਅਧਿਐਨ ਸਾਹਿਤਿਕ ਖੇਤਰ ਵਿੱਚ, ਸੱਭਿਆਚਾਰਕ ਖੇਤਰ ਵਿਚ ਦ੍ਰਿਸ਼ਟੀਆਂ ਦੀ ਭਿੰਨਤਾ ਦੇ ਬਾਵਜੂਦ ਵਿਸ਼ਵ ਭਾਈਚਾਰੇ ਜਾਂ ਸੱਭਿਆਚਾਰਕ ਪੱਧਰ ਉੱਤੇ ਵਿਸ਼ਵ ਵਿਆਪੀ ਆਦਾਨ ਪ੍ਰਦਾਨ ਅਤੇ ਇਕਸੁਰਤਾ ਦੀਆਂ ਸੰਭਾਵਨਾਵਾਂ ਦੀ ਤਲਾਸ਼ ਵੱਲ ਰੁਚਿਤ ਹੈ।

ਤੁਲਨਾਤਮਕ ਸ਼ਬਦ ਅੰਗਰੇਜ਼ੀ ਦੇ ਸੰਕੇਤ ਕੰਪੈਰੇਟਿਵ 'ਦਾ ਪੰਜਾਬੀ ਅਨੁਵਾਦ ਹੈ ਜਿਸ ਦਾ ਅਰਥ ਹੈ 'ਤੁਲਨਾ'। ਤੁਲਨਾ ਦੇ ਅਲੱਗ ਅਲੱਗ ਸਾਹਿਤ ਸ਼ਾਸਤਰਾਂ, ਸੱਭਿਆਚਾਰਾ, ਰਾਜਨੀਤਿਕ ਪ੍ਰਬੰਧਾਂ, ਸਰਕਾਰਾਂ, ਵਸਤੂਆਂ, ਗੱਲ ਕੀ ਹਰ ਉਹ ਚੀਜ ਜਿਹੜੀਆਂ ਕੇਂਦਰੀ ਸਾਂਝ ਹੋਣ ਦੇ ਬਾਵਜੂਦ ਵਿਭਿੰਨਤਾ ਰੱਖਦੀਆਂ ਹਨ, ਤੁਲਨਾ ਦਾ ਵਿਸ਼ਾ ਬਣ ਸਕਦੀਆਂ ਹਨ ਤੁਲਨਾ ਸਮੇਂ ਵਸਤੂਆਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ ਕਿ ਉਨ੍ਹਾਂ ਦੀਆ ਸਮਾਨਤਾਵਾਂ ਤੇ ਅਸਮਾਨਤਾਵਾ ਉੱਭਰ ਆਉਣ। ਤੁਲਨਾ ਅਧਿਐਨ ਵਿੱਚ ਮੁੱਢਲੀ ਗੱਲ ਤਾਂ ਹਰ ਹਾਲਤ ਵਿੱਚ ਤੁਲਨਾ ਹੈ, ਜੋ ਇਸ ਦੀ ਵਿਧੀ ਵੀ ਹੈ ਤੇ ਸੰਦ ਵੀ। ਤੁਲਨਾ ਦੋ ਪ੍ਰਕਾਰ ਦੀ ਹੋ ਸਕਦੀ ਹੈ ਪਹਿਲੀ ਭਾਸ਼ਾਈ ਸੀਮਾਵਾਂ ਦੇ ਆਰ ਪਾਰ ਅਤੇ ਦੂਜੀ ਰਾਸ਼ਟਰੀ ਸੀਮਾਵਾਂ ਦੇ ਆਰ ਪਾਰ ਤੁਲਨਾਤਮਕ ਅਧਿਐਨ ਸਭ ਸੰਕੀਰਨਤਾਵਾ ਅਤੇ ਪੱਖਪਾਤਾਂ ਤੋਂ ਮੁਕਤ ਹੋ ਕੇ ਵਿਸ਼ੇ ਦਾ ਸੰਤੁਲਿਤ ਸੂਖਮ ਅਤੇ ਗੰਭੀਰ ਨਿਰੀਖਣ ਹੈ। ਇਸ ਵਿੱਚ ਤੁਲਨਾਤਮਕ ਵਿਸ਼ੇ ਦੀ ਸਮਾਨਤਾ-ਅਸਮਾਨਤਾ ਸੰਸ਼ਟਤਾ-ਅਸੰਸ਼ਟਤਾ ਨੂੰ ਪੂਰੀ ਨਿਰਪੱਖਤਾ ਨਾਲ ਜਾਚਣ ਦਾ ਯਤਨ ਹੁੰਦਾ ਹੈ ਅਤੇ ਉਹ ਵੀ ਵਿਗਿਆਨਕ ਢੰਗ ਨਾਲ।

1561 ਈਸਵੀ ਵਿੱਚ ਲਿਖੀ ਗਈ ਸਕੇਲਿਗਰ ਦੀ ਪੁਸਤਕ 'ਦੀ ਪੋਇਟਿਕਸ' ਸੈਮੂਅਲ ਡੇਨੀਅਲ ਦੀ ਪੁਸਤਕ 'ਡਿਫੈਂਸ ਆਫ ਰਾਈਮ (1607 ਈਸਵੀ) ਅਤੇ ਡਾ. ਜਾਨਸਨ ਦਾ 'ਅੰਗਰੇਜ਼ੀ ਕਵਿਤਾ ਦਾ ਇਤਿਹਾਸ' ਵਿਚ ਤੁਲਨਾਤਮਕ ਵਿਧੀ ਅਪਣਾਈ ਗਈ ਮਿਲਦੀ ਹੈ। ਇਸ ਸਮੇਂ ਪ੍ਰਾਕ੍ਰਿਤਕ ਵਿਗਿਆਨ ਅਤੇ ਸਮਾਜ ਵਿਗਿਆਨ ਦੇ ਵਿਸ਼ਿਆਂ ਬਾਰੇ ਲਿਖੀਆਂ ਗਈਆਂ ਪੁਸਤਕਾਂ ਦੇ ਸਿਰਲੇਖਾਂ ਵਿੱਚ ਤੁਲਨਾਤਮਕ ਸ਼ਬਦ ਦੀ ਵਰਤੋਂ ਕੀਤੀ ਗਈ ਮਿਲਦੀ ਹੈ। ਸਾਹਿਤਿਕ ਖੇਤਰ ਵਿੱਚ 1598 ਈਸਵੀ ਵਿਚ ਪ੍ਰਕਾਸ਼ਿਤ ਫਰਾਂਸਿਸ ਮੇਅਰਜ਼ ਦੀ ਪੁਸਤਕ 'ਏ ਕੰਪੈਰੇਟਿਵ ਡਿਸਕੋਰਸ ਆਫ ਅਵਰ ਇੰਗਲਿਸ਼ ਪੋਇਟਿਸ' ਵਿੱਚ 'ਦਿ ਗਰੀਕ', 'ਲੈਟਿਨ ਐਂਡ ਇਟਾਲੀਅਨ ਪੋਇਟਿਸ' ਇਸਦੀ ਮਿਸਾਲ ਹੈ ਤੁਲਨਾਤਮਕ ਸਾਹਿਤ ਸੰਕਲਪ ਨੂੰ ਚਿਹਨਤ ਬੇਸ਼ੱਕ ਮੈਥਿਊ ਆਰਨਲਡ ਅਤੇ ਐਚ ਐਮ ਪਾਜਨੇਟ ਨੇ ਹੀ ਕੀਤਾ, ਪ੍ਰੰਤੂ ਇਸ ਕਿਸਮ ਦੀ ਰੁਚੀ 19ਵੀਂ ਸਦੀ ਦੇ ਇਸ ਸਮੇਂ ਤੋਂ ਬਹੁਤ ਸਮਾਂ ਪਹਿਲਾ ਤੋਂ ਹੀ ਮਿਲਦੀ ਹੈ।

ਜੇਕਰ ਤੁਲਨਾਤਮਕ ਸਾਹਿਤ ਅਧਿਐਨ ਖੇਤਰ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਤੁਲਨਾ ਸਾਹਿਤ ਸ਼ਾਸਤਰ ਦੇ ਉਦੇ ਕਾਲ ਤੋਂ ਹੀ ਸਾਹਿਤ ਅਧਿਐਨ ਦਾ ਇੱਕ ਤੱਤ ਰਹੀ ਹੈ, ਇੱਥੋਂ ਤਕ ਕੀ ਸਿਰਜਣਾਤਮਕ ਸਾਹਿਤ ਵਿੱਚ ਵੀ ਤੁਲਨਾ ਇਕ ਤੱਤ ਵਜੋਂ ਬਿਰਾਜਮਾਨ ਰਹੀ ਹੈ। ਡਾ. ਸਤਿੰਦਰ ਸਿੰਘ ਇਸ ਦੀ ਪੁਸ਼ਟੀ ਇੰਜ ਕਰਦੇ ਹਨ :-

"ਤੁਲਨਾਤਮਕ ਸਾਹਿਤ ਅਧਿਐਨ ਵਿੱਚ ਤੁਲਨਾਤਮਕ ਕਾਰਜ ਦਾ ਰੋਲ ਕਾਫੀ ਪੁਰਾਣੇ ਸਮੇਂ ਤੋਂ ਚਲਿਆ ਆ ਰਿਹਾ ਹੈ ਇੱਕ ਲੇਖਕ ਦੀ ਦੂਜੇ ਲੇਖਕ ਨਾਲ ਤੁਲਨਾ, ਇਕ ਸਦੀ ਦੀ ਦੂਜੇ ਸਦੀ ਦੇ ਸਾਹਿਤ ਨਾਲ ਤੁਲਨਾ, ਇਕ ਯੁੱਗ ਦੇ ਸਾਹਿਤ ਦੀ ਦੂਜੇ ਯੁੱਗ ਦੇ ਸਾਹਿਤ ਨਾਲ ਤੁਲਨਾ, ਇੱਕ ਸਾਹਿਤਕ ਰੂਪਾਕਾਰਾਂ ਦੀ ਦੂਜੇ ਸਾਹਿਤਕ ਰੂਪਾਕਾਰਾਂ ਨਾਲ ਤੁਲਨਾ ਸਾਹਿਤ ਦੀ ਹੋਰਨਾ ਕਲਾਵਾਂ ਜਾਂ ਦਰਸ਼ਨ ਧਰਮ ਮਨੋਵਿਗਿਆਨ ਇਤਿਹਾਸ ਆਦਿ ਨਾਲ ਤੁਲਨਾ ਇਕ ਪ੍ਰਵਿਰਤੀ ਦੀ ਦੂਜੀ ਪ੍ਰਵਿਰਤੀ ਨਾਲ ਤੁਲਨਾ ਆਦਿ ਪੱਖਾਂ ਦੀ ਚੋਖੀ ਲੰਬੀ ਪਰੰਪਰਾ ਹੈ।"[1]

ਤੁਲਨਾਤਮਕ ਸਾਹਿਤ, ਸਾਹਿਤ-ਅਧਿਐਨ ਦੀ ਇੱਕ ਸ਼ਾਖਾ ਹੈ, ਜਿਸ ਦਾ ਸਬੰਧ ਉਨ੍ਹਾਂ ਮੂਲ ਸੰਰਚਨਾਵਾ ਨਾਲ ਹੈ ਜੋ ਸਾਰੀਆਂ ਸਾਹਿਤਕ ਰਚਨਾਵਾਂ ਵਿੱਚ ਅੰਤਰ ਸਥਿਤ ਹੁੰਦੀਆਂ ਹਨ, ਇਹ ਰਚਨਾਵਾਂ ਭਾਵੇਂ ਕਿਸੇ ਸਮੇਂ ਜਾਂ ਸਥਾਨ ਵਾਲੀਆ ਹੋਣ ਇਸ ਦਾ ਸਬੰਧ ਕਿਸੇ ਵੀ ਸਾਹਿਤਕ ਫਿਨਾਮੇਨਾ ਵਿੱਚ ਵਿਸ਼ਵ ਵਿਆਪੀ ਤੱਤਾ ਨਾਲ ਹੁੰਦਾ ਹੈ। ਇਸ ਦਾ ਖੋਜ ਖੇਤਰ ਬਹੁਤ ਵਿਆਪਕ ਹੈ, ਕਿਉਂਕਿ ਸਾਰੀਆਂ ਭਾਸ਼ਾਵਾਂ ਦੇ ਸਾਹਿਤ ਉਨ੍ਹਾਂ ਦੇ ਆਪਸੀ ਸੰਬੰਧ ਜਾਂ ਹੋਰ ਕਲਾ ਰੂਪਾਂ ਨਾਲ ਸਬੰਧ ਇਸ ਵਿਚ ਆ ਜਾਂਦੇ ਹਨ। ਡਾ ਸਤਿੰਦਰ ਸਿੰਘ ਇਸ ਦੇ ਪ੍ਰਯੋਜਨ ਬਾਰੇ ਦੱਸਦੇ ਹਨ ਕਿ :-

"ਤੁਲਨਾਤਮਕ ਸਾਹਿਤ ਅਧਿਐਨ ਤੋਂ ਸਾਨੂੰ ਦੇਸ਼ ਧਰਮ ਤੇ ਸਥਾਨ ਦੀਆਂ ਹੱਦਾਂ ਤੋਂ ਉਪਰ ਰਾਸ਼ਟਰੀ ਤੇ ਅੰਤਰਰਾਸ਼ਟਰੀ ਚੇਤਨਾ ਤੇ ਸਾਹਿਤਕ ਸਿਰਜਣਾ ਦੀ ਏਕਤਾ ਦੇ ਭਾਵ ਦ੍ਰਿਸ਼ਟੀਗੋਚਰ ਹੋ ਸਕਦੇ ਹਨ। ਇਸ ਸਭ ਤੋਂ ਉਪਰ ਸਾਹਿਤਿਕ ਅੰਤਰ ਸਬੰਧਾਂ ਦੀ ਪਛਾਣ ਇਸ ਦਾ ਇੱਕ ਬਹੁਤ ਮਹੱਤਵਪੂਰਨ ਤੇ ਸਾਰਥਕ ਅਧਿਐਨ ਪ੍ਰਯੋਜਨ ਹੈ।"[2]

ਜਦੋਂ ਅਸੀਂ ਤੁਲਨਾਤਮਕ ਅਧਿਐਨ ਦੇ ਅੰਦਰ ਕੋਈ ਦੋ ਸਾਹਿਤਾਂ ਦੀ ਆਪਸ ਵਿੱਚ ਤੁਲਨਾ ਕਰਦੇ ਹਾਂ ਤਾਂ ਇੱਥੇ ਮੁੱਖ ਮਨੋਰਥ ਇਹ ਹੁੰਦਾ ਹੈ ਕੀ ਕਿਸੇ ਵਿਸ਼ੇਸ਼ ਸੱਭਿਆਚਾਰ ਦੀਆਂ ਉਨ੍ਹਾਂ



Scanned with CamScanner

ਪ੍ਰਵਿਰਤੀਆਂ ਰਾਹੀਂ ਅਸੀਂ ਆਪਣੀ ਦ੍ਰਿਸ਼ਟੀ ਨੂੰ ਜ਼ਿਆਦਾ ਚੌੜਾ ਜਾਂ ਵਿਸਤ੍ਰਿਤ ਬਣਾਈਏ ਜੋ ਸਾਹਿਤ ਦੇ ਪਿਛੋਕੜ ਵਿੱਚ ਕੰਮ ਕਰ ਰਹੇ ਹੁੰਦੇ ਹਨ। ਇਸ ਤਰ੍ਹਾਂ ਅਸੀਂ ਸਾਹਿਤ ਅਤੇ ਹੋਰਨਾਂ ਮਨੁੱਖੀ ਕਾਰਜ ਖੇਤਰਾਂ ਵਿੱਚ ਨਿਸ਼ਚਿਤ ਸਬੰਧਾਂ ਦਾ ਅਧਿਐਨ ਕਰਨ ਦੀ ਯੋਗਤਾ ਗ੍ਰਹਿਣ ਕਰ ਜਾਂਦੇ ਹਾਂ।

ਸਾਹਿਤ ਦੇ ਤੁਲਨਾਤਮਕ ਅਧਿਐਨ ਰਾਹੀਂ ਸਾਨੂੰ ਮਨੁੱਖੀ ਤਜਰਬੇ ਦੇ ਵਿਸਥਾਰ ਅਤੇ ਇਸ ਦੀ ਸੁਹਜਾਤਮਕ ਸ੍ਰੇਸ਼ਟਤਾ ਦੀ ਸੂਝ ਵੀ ਮਿਲਦੀ ਹੈ। ਇਸ ਨਾਲ ਸਾਹਿਤ ਦੇ ਇਤਿਹਾਸ ਮੂਲਕ ਅਧਿਐਨ ਪਸਾਰ ਵਧੇਰੇ ਸਪਸ਼ਟ ਹੁੰਦੇ ਹਨ ਅਤੇ ਨਾਲ ਹੀ ਧਾਰਾਵਾਂ ਸਮਕਾਲੀ ਸਮੇਂ ਦੇ ਪ੍ਰਭਾਵ ਅਤੇ ਸਮਕਾਲੀ ਸਮਾਜਿਕ ਰਾਜਨੀਤਿਕ ਅਤੇ ਦਾਰਸ਼ਨਿਕ ਪਿੱਠਭੂਮੀ ਦੇ ਸਬੰਧਾਂ ਬਾਰੇ ਵੀ ਪਤਾ ਲੱਗਦਾ ਹੈ।

ਤੁਲਨਾਤਮਕ ਸਾਹਿਤ ਅਧਿਐਨ ਦੇ ਅੰਦਰ ਅਸੀਂ ਕਈ ਤਰ੍ਹਾਂ ਦੇ ਤੁਲਨਾਤਮਕ ਅਧਿਐਨ ਕਰਦੇ ਹਾਂ ਜਿਵੇਂ ਸਾਹਿਤ ਦੇ ਥੀਮ ਜਾਂ ਅਰਥਗਤ ਪਾਸਾਰਾਂ ਦਾ ਅਧਿਐਨ, ਪਾਠ ਮੂਲਕ ਆਲੋਚਨਾ, ਸਮਾਂਤਰਤਾ, ਸੌਂਦਰਯ ਬੋਧ, ਰਸ ਅਭਿਵਿਅਕਤੀ, ਰਚਨਾ ਦਾ ਰੂਪ ਤੇ ਸ਼ੈਲੀ ਆਦਿ ਦਾ ਅਧਿਐਨ ਅਤੇ ਸਭ ਤੋਂ ਵੱਧ ਮਹੱਤਵਪੂਰਨ ਖੇਤਰ ਹੈ ਸਾਹਿਤ ਤੇ ਜੀਵਨ ਦੇ ਆਪਸੀ ਸੰਬੰਧਾਂ ਦਾ ਵਿਸ਼ੇਸ਼ ਅਧਿਐਨ।

ਜਦੋਂ ਅਸੀਂ ਤੁਲਨਾਤਮਕ ਸਾਹਿਤ ਦੇ ਅੰਤਰਗਤ ਭਾਰਤੀ ਸਾਹਿਤ ਜਾਂ ਪੰਜਾਬੀ ਸਾਹਿਤ ਵਿਚੋਂ ਉਦਾਹਰਣਾਂ ਦੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਸਾਹਿਤ ਦੇ ਅੰਦਰ ਤੁਲਨਾਤਮਕਤਾ ਇਕ ਤੱਤ ਵਜੋਂ ਕਾਰਜ ਕਰਦੀ ਰਹੀ ਹੈ। ਇਸ ਗੱਲ ਦੀਆਂ ਮਿਸਾਲਾਂ ਸਾਡੇ ਪੰਜਾਬੀ ਸਾਹਿਤ ਵਿੱਚੋਂ ਵੀ ਸਹਿਜੇ ਹੀ ਲੱਭੀਆਂ ਜਾ ਸਕਦੀਆਂ ਹਨ। ਪੰਜਾਬ ਵਿੱਚ ਤੁਲਨਾਤਮਕ ਸਾਹਿਤ ਦੀ ਗੱਲ ਸਹਿਜੇ ਹੀ ਆਦਿ ਗ੍ਰੰਥ ਤੋਂ ਆਰੰਭ ਕੀਤੀ ਜਾ ਸਕਦੀ ਹੈ। ਆਦਿ ਗ੍ਰੰਥ ਨੂੰ ਬਿਨਾਂ ਵਿਵਾਦ ਪ੍ਰਥਮ ਭਾਰਤੀ ਤੁਲਨਾਤਮਕ ਬਾਣੀ ਸੰਗ੍ਰਹਿ ਕਿਹਾ ਜਾ ਸਕਦਾ ਹੈ, ਜੋ ਭਾਸ਼ਾਈ ਤੇ ਇਲਾਕਾਈ ਸਰਹੱਦਾਂ ਨੂੰ ਸਹਿਜੇ ਹੀ ਉਲੰਘਦਾ ਵੀ ਹੈ ਤੇ ਪਰੰਪਰਾ ਦੀ ਨਿਰੰਤਰਤਾ ਵੱਲ ਸੰਕੇਤ ਵੀ ਕਰਦਾ ਹੈ। ਇਸ ਗ੍ਰੰਥ ਦਾ ਆਪਣਾ ਵਿਲੱਖਣ ਸ਼ਬਦ ਸਿਧਾਂਤ ਹੈ ਜੋ ਭਾਸ਼ਾ ਦੀ ਨਿਖੇੜੇ ਦੀ ਬਜਾਏ ਪ੍ਰਵਚਨ ਦੀ ਏਕਤਾ ਉਪਰ ਬਲ ਦਿੰਦਾ ਹੈ। ਇਸ ਦਾ ਆਪਣਾ ਸੰਪਾਦਨ-ਸਿਧਾਂਤ ਹੈ ਜੋ ਰਚਨਹਾਰਾਂ ਦੇ ਵਖਰੇਵੇਂ ਤੋਂ ਵਧੀਕ ਰਚਨਾ ਰੂਪਾਂ ਦੀ ਸਾਂਝ ਨੂੰ ਪਹਿਲ ਦਿੰਦਾ ਹੈ। ਵੱਖੋ ਵੱਖਰੇ ਬਾਣੀਕਾਰਾਂ ਦੀਆਂ ਰਚਨਾਵਾਂ ਇਕ ਦੂਜੇ ਦੇ ਨੇੜੇ ਪਈਆਂ ਇੱਕ ਦੂਜੇ ਨਾਲ ਤੁਲਦੀਆਂ ਜਾਂਦੀਆਂ ਹਨ ਤੇ ਅਨੇਕਤਾ ਦੇ ਬਾਵਜੂਦ ਏਕਤਾ ਦਾ ਵਾ ਮੰਡਲ ਸਿਰਜਦੀਆਂ ਜਾਂਦੀਆਂ ਹਨ।

ਇਸੇ ਤਰ੍ਹਾਂ ਪੰਜਾਬੀ ਕਿੱਸਾਕਾਰ ਆਪਣੀ ਰਚਨਾ ਸਿਰਜਣਾ ਸਮੇਂ ਹੀ ਆਪਣੇ ਤੋਂ ਪੂਰਬਲੇ ਕਿੱਸਾਕਾਰਾਂ ਦਾ ਜ਼ਿਕਰ ਕਰਦੇ ਰਹੇ। ਇਸ ਨਾਲ ਜਿੱਥੇ ਉਹ ਆਪਣੀ ਰਚਨਾ ਨੂੰ ਇੱਕ ਵਿਸ਼ੇਸ਼ ਰੂਪਾਕਾਰ ਦੀ ਪਰੰਪਰਾ ਨਾਲ ਜੋੜਨ ਦਾ ਉਪਰਾਲਾ ਕਰਦੇ ਰਹੇ, ਉੱਥੇ ਆਪਣੀ ਰਚਨਾ ਵਿੱਚ ਪੇਸ਼ ਹੋਏ ਅਨੁਭਵ ਨੂੰ ਨਵਾਂ ਅਨੁਭਵ ਕਹਿ ਕੇ ਅਚੇਤ ਹੀ ਤੁਲਨਾ ਦੀ ਪ੍ਰਕਿਰਿਆ ਨੂੰ ਵੀ ਪੂਰਾ ਕਰਦੇ ਰਹੇ। ਸਾਹਿਤ ਸ਼ਾਸਤਰੀ ਸਾਹਿਤ ਦੇ ਇੱਕ ਵਿਸ਼ੇਸ਼ ਰੂਪ ਉੱਤੇ ਧਿਆਨ ਕੇਂਦਰਿਤ ਰੱਖਦੇ ਹੋਏ ਸਾਹਿਤ ਦੇ ਸਾਂਝੇ ਲੱਛਣ ਨਿਰਧਾਰਿਤ ਕਰਨ ਵੱਲ ਰੁਚਿਤ ਰਹੇ। ਸੰਸਕ੍ਰਿਤ ਅਚਾਰੀਆ ਨੇ ਸਾਹਿਤ ਦੀ ਸਰਵ ਵਿਆਪਕ ਸਾਂਝੀ ਪ੍ਰਕਿਰਤੀ ਨਿਰਧਾਰਿਤ ਕੀਤੀ ਹੈ, ਇਸ ਤਰ੍ਹਾਂ ਇਹ ਸਿੱਧ ਹੁੰਦਾ ਹੈ ਕਿ ਸਾਹਿਤ ਸ਼ਾਸਤਰ ਵਿੱਚ ਤੁਲਨਾ ਦੀ ਪ੍ਰਵਿਰਤੀ ਬਹੁਤ ਪੁਰਾਣੀ ਹੈ ਪਰ ਤੁਲਨਾ ਪ੍ਰਮੁੱਖ ਅਤੇ ਸੁਚੇਤ ਰੂਪ ਵਿੱਚ ਸਾਹਿਤ ਚਿੰਤਨ ਦਾ ਔਜ਼ਾਰ ਬਹੁਤ ਬਾਅਦ ਵਿੱਚ ਤੁਲਨਾਤਮਕ ਸਾਹਿਤ ਦੇ ਸੰਕਲਪ ਦੇ ਉਦੈ ਹੋਣ ਵੇਲੇ ਹੀ ਬਣੀ ਇਸ ਪ੍ਰਕਾਰ ਤੁਲਨਾਤਮਕ ਸਾਹਿਤ ਸ਼ਾਸਤਰੀ ਇਕ ਬਿਲਕੁਲ ਨਵਾਂ ਤੇ ਅਚਨਚੇਤ ਹੋਂਦ ਵਿਚ ਆਇਆ ਅਨੁਸ਼ਾਸਨ ਨਹੀਂ ਬਲਕਿ ਇਸ ਦਾ ਹੌਲੀ ਹੌਲੀ ਵਿਕਾਸ ਹੋਇਆ ਹੈ। ਇਸ ਬਾਰੇ ਡਾ ਨਗੇਂਦਰ ਦਾ ਵਿਚਾਰ ਹੈ ਕਿ :-

"ਪੱਛਮ ਵਿੱਚ ਆਮ ਤੌਰ ਤੇ ਸਾਰੇ ਪ੍ਰਸਿੱਧ ਆਲੋਚਕ ਅਰਸਤੂ, ਲੋਂਜਾਈਨਸ, ਦੀਮੇਤ੍ਰਿਆਸ ਆਦਿ ਵਸਤੂ ਵਿਧਾਨ ਅਤੇ ਸ਼ੈਲੀ ਤੱਤਾਂ ਦੇ ਵਿਸ਼ੇ ਬਾਰੇ ਆਮ ਸਿਧਾਂਤਾਂ ਦੇ ਨਿਰਮਾਣ ਸਮੇਂ ਸ਼ੁਰੂ ਤੋਂ ਹੀ ਅਨੇਕਾਂ ਕਵੀਆਂ ਅਤੇ ਨਾਟਕਕਾਰਾਂ ਦੀ ਸਰੰਚਨਾ ਜਾਂ ਭਾਸ਼ਾ ਪ੍ਰਯੋਗ ਦੀਆਂ ਵਿਧੀਆਂ ਦਾ ਤੁਲਨਾਤਮਕ ਅਧਿਐਨ ਕਰਦੇ ਰਹੇ ਹਨ, ਪ੍ਰੰਤੂ ਕਈ ਕਾਰਨਾਂ ਕਾਰਨ ਉਨ੍ਹਾਂ ਦੇ ਅਧਿਐਨ ਦਾ ਖੇਤਰ ਸਿਰਫ਼ ਇੱਕ ਹੀ ਭਾਸ਼ਾ, ਯੂਨਾਨੀ ਭਾਸ਼ਾ ਦੇ ਸਾਹਿਤ ਤਕ ਸੀਮਿਤ ਸੀ। ਲਾਤੀਨੀ ਭਾਸ਼ਾ ਦਾ ਕਵੀ ਆਲੋਚਕ ਹੋਰੇਸ਼ ਇਕ ਕਦਮ ਹੋਰ ਅੱਗੇ ਗਏ ਅਤੇ ਆਪਣੇ ਗ੍ਰੰਥ 'ਆਰਸਪੋਈਤਿਕਾ' ਵਿਚ ਉਨ੍ਹਾਂ ਨੇ ਯੂਨਾਨੀ ਅਤੇ ਲਾਤੀਨੀ ਦੋ ਭਾਸ਼ਾਵਾਂ ਦਾ ਤੁਲਨਾਤਮਕ ਅਧਿਐਨ ਪੇਸ਼ ਕੀਤਾ। ... ਦਾਂਤੇ ਦੇ ਸਮੇਂ ਤਕ ਇਤਾਲਵੀ ਸਾਹਿਤ ਦਾ ਵਿਕਾਸ ਵੀ ਹੋ ਚੁੱਕਾ ਸੀ ਇਸ ਲਈ ਉਨ੍ਹਾਂ ਦੇ ਵਿਵੇਚਨ ਨਾਲ ਤੁਲਨਾਤਮਕ ਸਾਹਿਤ ਤੀਜਾ ਪੱਖ ਵੀ ਜੁੜ ਗਿਆ। ਬਾਅਦ ਵਿਚ ਯੂਰਪੀ ਆਲੋਚਕਾਂ ਮਿਸਾਲ ਵਜੋਂ ਇੰਗਲੈਂਡ ਦੇ ਡਰਾਈਡਨ ਤੇ ਜਾਨਸਨ, ਫਰਾਂਸ ਦੇ ਬੂਬਲੋ ਤੇ ਸਟੇਂਬਰਗ ਅਤੇ ਜਰਮਨੀ ਦੇ ਗੋਇਟੇ ਤੇ ਸ਼ਲੇਗਲ ਨੇ ਸੀਮਾਵਾਂ ਦਾ ਹੋਰ ਵੀ ਵਿਸਥਾਰ ਕਰਦੇ ਹੋਏ ਬਹੁਭਾਸ਼ੀ ਤੁਲਨਾਤਮਕ ਵਿਵੇਚਨ ਪੇਸ਼ ਕੀਤਾ।"[3]

ਡਾ. ਹਰਿਭਜਨ ਸਿੰਘ ਇਸ ਤੁਲਨਾਤਮਕ ਪਰੰਪਰਾ ਦਾ ਜ਼ਿਕਰ ਕਰਦੇ ਦੱਸਦੇ ਹਨ ਕਿ :-

"ਪੰਜਾਬ ਵਿੱਚ ਲਗਪਗ ਹਰ ਸਮੇਂ ਪੰਜਾਬੀ ਹਿੰਦੀ ਤੇ ਉਰਦੂ ਵਿੱਚ ਸਾਹਿਤ ਰਚਨਾ ਹੁੰਦੀ ਰਹੀ ਹੈ। ਲਿਖਣ ਕਾਰਜ ਲਈ ਗੁਰਮੁਖੀ ਦੇਵਨਾਗਰੀ ਫਾਰਸੀ ਲਿੱਪੀ ਦੀ ਵਰਤੋਂ ਹੁੰਦੀ ਰਹੀ ਹੈ। ਦੇਸੀ ਸਾਮੀ ਤੇ ਆਰਿਆਈ ਰੂਪਾਕਾਰਾਂ ਮਿੱਥਾਂ ਤੇ ਜੀਵਨ ਜਾਚਾਂ ਨਾਲ ਸੰਬੰਧਿਤ ਚੋਖੀ ਸਮੱਗਰੀ ਪੰਜਾਬ ਵਿਚ ਪ੍ਰਾਪਤ ਹੈ ਤੇ ਇਨ੍ਹਾਂ ਦੇ ਅਧਿਐਨ ਦੇ ਵਿਰਲੇ ਜਿਹੇ ਯਤਨ ਦਾ ਝਾਉਲਾ ਵੀ ਕਦੀ ਕਦਾਈਂ ਪੈਂਦਾ ਹੈ। ਪੰਜਾਬ ਵਿੱਚ ਉਰਦੂ ਤੇ ਹਿੰਦੀ ਸਾਹਿਤ ਪਰੰਪਰਾਵਾਂ ਦੇ ਮੁਹਾਂਦਰੇ ਉਲੀਕਣ ਦੇ ਯਤਨ ਵੀ ਹੋਏ ਹਨ। ਗੁਰਮੁਖੀ ਵਿੱਚ ਹਿੰਦੀ ਸਾਹਿਤ ਤੇ ਦੇਵਨਾਗਰੀ ਵਿਚ ਪੰਜਾਬੀ ਕਾਵਿ ਸੰਬੰਧੀ ਕੁਝ ਖੋਜ ਦਾ ਕੰਮ ਵੀ ਹੋਇਆ ਹੈ। ਪੰਜਾਬ ਵਿੱਚ ਪਹਿਲਾਂ ਪ੍ਰਮਾਣਿਕ ਤੁਲਨਾਤਮਕ ਯਤਨ ਪੰਜਾਬ ਦਾ ਸਾਹਿਤਕ ਇਤਿਹਾਸ ਅਜੇ ਹੋਣਾ ਬਾਕੀ ਹੈ ਤਾਂ ਵੀ ਇੰਨਾ ਨਿਸ਼ਚਿਤ ਹੈ ਕਿ ਪੰਜਾਬ ਦੀ ਧਰਤੀ ਤੁਲਨਾਤਮਕ ਸਾਹਿਤ ਅਧਿਐਨ ਦੀਆਂ ਮੁੱਢਲੀਆਂ ਸ਼ਰਤਾਂ ਪੂਰੀਆਂ ਕਰਦੀ ਹੈ ਤੁਲਨਾਤਮਕ ਸਾਹਿਤ ਲਈ ਲੋੜੀਂਦੀ ਬਹੁਬਿਧ ਸਾਹਿਤ ਸਮੱਗਰੀ ਮੌਜੂਦ ਹੈ। ਇੱਕ ਤੋਂ ਵਧੀਕ ਸਾਹਿਤਧਾਰਾ ਦੇ ਗਿਆਤਾ ਵੀ ਮੌਜੂਦ ਹਨ। ਅਗਲਾ ਕਦਮ ਤੁਲਨਾਤਮਕ ਸਾਹਿਤ ਦੀ ਵਿਧੀ ਦੇ ਵਿਕਸਣ ਦਾ ਹੈ।[4]

ਤੁਲਨਾਤਮਕ ਅਧਿਐਨ ਦਾ ਕੰਮ ਸੱਭਿਆਚਾਰਕ ਤੌਰ ਉੱਤੇ ਵੀ ਉਨਾਂ ਹੀ ਮਹੱਤਵ ਰੱਖਦਾ ਹੈ, ਜਿੰਨਾ ਕਿ ਸਾਹਿਤਕ ਤੌਰ ਤੇ।



Scanned with CamScanner

ਸੱਭਿਆਚਾਰ ਦਾ ਵਿਕਾਸ ਅਸਲ ਵਿੱਚ ਪ੍ਰਕਿਰਤਕ ਮਨੁੱਖ ਤੋਂ ਸਮਾਜਿਕ ਮਨੁੱਖ ਬਣਨ ਦੀ ਇੱਕ ਬਹੁਤ ਹੀ ਜਟਿਲ ਪ੍ਰਕਿਰਿਆ ਹੈ, ਭਾਵ ਪਸ਼ੂ ਮਨੁੱਖ ਤੋਂ ਮਨੁੱਖ ਤੋਂ ਪੂਰਨ ਮਨੁੱਖ ਬਣਨ ਦੀ ਵਿਗਿਆਨਕ ਮਾਨਵ ਚੇਸ਼ਟਾ ਹੈ। ਡਾ ਗੁਰਬਖ਼ਸ਼ ਸਿੰਘ ਫ਼ਰੈਂਕ ਨੇ ਸੱਭਿਆਚਾਰ ਦੀ ਪ੍ਰੀਭਾਸ਼ਾ ਵਿਚ ਕਿਹਾ ਹੈ ਕਿ :-

"ਸੱਭਿਆਚਾਰ ਆਪਣੇ ਆਪ ਵਿੱਚ ਇੱਕ ਅਤਿ ਵਿਸ਼ਾਲ ਸੰਕਲਪ ਹੈ ਜਿਸ ਵਿੱਚ ਕਿਸੇ ਜਨ ਸਮੂਹ ਜਾਂ ਮਨੁੱਖੀ ਸਮਾਜ ਦੇ ਜੀਵਨ ਦੇ ਹਰ ਖੇਤਰ ਵਿਚਲੀਆਂ ਉਹ ਕਿਰਿਆਵਾਂ ਅਤੇ ਉਨ੍ਹਾਂ ਨੂੰ ਕਰਨ ਦੇ ਢੰਗ ਆ ਜਾਂਦੇ ਹਨ ਜੋ ਉਸ ਮਨੁੱਖੀ ਸਮਾਜ ਨੂੰ ਦੂਜੇ ਮਨੁੱਖੀ ਸਮਾਜਾਂ ਨਾਲੋਂ ਨਿਖੇੜਦੇ ਹਨ।"

ਜੇਕਰ ਅਸੀਂ ਸੱਭਿਆਚਾਰ ਦੇ ਜਨਮ ਨੂੰ ਵਿਚਾਰੀਏ ਤਾਂ ਇਹ ਤੱਤ ਵੀ ਨਿੱਖਰ ਕੇ ਸਾਹਮਣੇ ਆਵੇਗਾ ਕਿ ਸੱਭਿਆਚਾਰ ਮਨੁੱਖ ਦੇ ਪ੍ਰਕਿਰਤੀ ਨਾਲ ਟੱਕਰ ਲੈ ਕੇ ਪ੍ਰਕਿਰਤੀ ਨੂੰ ਆਪਣੀਆਂ ਲੋੜਾਂ ਅਨੁਸਾਰ ਢਾਲਣ ਦੇ ਯਤਨਾਂ ਵਿੱਚੋਂ ਜਨਮਿਆ ਹੈ। ਇਹ ਇਕ ਵਿਗਿਆਨਕ ਸੱਚਾਈ ਹੈ ਕਿ ਪ੍ਰਕਿਰਤੀ ਦੀ ਤਾਸੀਰ ਕਿਸੇ ਖਿੱਤੇ ਦੀ ਭੂਗੋਲਿਕ ਸਥਿਤੀ ਉੱਤੇ ਨਿਰਭਰ ਹੁੰਦੀ ਹੈ। ਇਸੇ ਕਾਰਨ ਹੀ ਹਰ ਸਭਿਆਚਾਰ ਆਪਣੇ ਸਮੇਂ ਅਤੇ ਇਤਿਹਾਸਕ ਪੜਾਵਾਂ ਦੇ ਮੁਤਾਬਕ ਪੂਰਨ ਇਕਾਈ ਹੁੰਦਾ ਹੈ। ਸੱਭਿਆਚਾਰਾਂ ਦਾ ਤੁਲਨਾਤਮਕ ਅਧਿਐਨ ਕਰਦੇ ਸਮੇਂ ਸਾਨੂੰ ਸੱਭਿਆਚਾਰ ਦੀ ਜੜ੍ਹ ਮੂਲਕ ਸੋਚ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ।

ਸੱਭਿਆਚਾਰਕ ਪੱਖੋਂ ਤੁਲਨਾਤਮਕ ਸਾਹਿਤ ਅਤੇ ਤੁਲਨਾਤਮਕ ਪੱਧਰ ਉੱਤੇ ਕੀਤਾ ਗਿਆ ਕੰਮ ਬਹੁਤ ਕੀਮਤੀ ਤੇ ਵਿਸ਼ਾਲ ਖੇਤਰ ਦਾ ਕੰਮ ਹੋ ਨਿੱਬੜਦਾ ਹੈ, ਕਿਉਂਕਿ ਇਸਦੀ ਵਿਧੀ ਹੀ ਇਹ ਹੈ ਕਿ ਸੰਬੰਧਤ ਖੇਤਰ ਦਾ ਜ਼ਿਆਦਾ ਵਸੀਹ ਰੂਪ ਵਿੱਚ ਅਧਿਐਨ ਕਰਨਾ ਅਤੇ ਵਿਸ਼ਵ ਵਿਆਪੀ ਢੰਗਾਂ ਨੂੰ ਵਰਤਣਾ। ਤੁਲਨਾਤਮਕ ਅਧਿਐਨ ਵੱਖ ਵੱਖ ਰਾਜਾਂ ਕੌਮਾਂ ਵੱਖ ਵੱਖ ਸੱਭਿਆਚਾਰਾਂ ਅਤੇ ਭੂਗੋਲਿਕ ਖਿੱਤਿਆਂ ਦੇ ਲੋਕਾਂ ਦੇ ਸਾਹਿਤ ਅਤੇ ਸੱਭਿਆਚਾਰ ਬਾਰੇ ਜਾਣਨ ਦਾ ਇੱਕ ਸ਼ਕਤੀਸ਼ਾਲੀ ਸਾਧਨ ਹੈ, ਕਿਉਂਕਿ ਕਿਸੇ ਵੀ ਖੇਤਰ ਦੇ ਸੱਭਿਆਚਾਰ ਦੀ ਚੰਗੀ ਵਿਆਖਿਆ ਉਸ ਦੀ ਸੱਭਿਆਚਾਰਕ ਸਥਿਤੀ ਜਾਂ ਸਮੁੱਚੇ ਸਮਾਜਿਕ ਪ੍ਰਬੰਧ ਦੇ ਗਿਆਨ ਤੋਂ ਬਿਨਾਂ ਨਹੀਂ ਹੋ ਸਕਦੀ, ਇਸ ਲਈ ਇਸ ਅਧਿਐਨ ਤਹਿਤ ਉਸ ਸੱਭਿਆਚਾਰ ਤੇ ਸਮਾਜਿਕ ਪ੍ਰਬੰਧ ਨੂੰ ਵੀ ਘੋਖਿਆ ਜਾਂਦਾ ਹੈ।

ਜਦੋਂ ਦੋ ਰਾਜਾਂ ਦੇ ਸੱਭਿਆਚਾਰਾਂ ਦੀ ਤੁਲਨਾ ਕੀਤੀ ਜਾਂਦੀ ਹੈ ਤਾਂ ਉਸ ਦੀ ਮਹੱਤਤਾ ਕਿਸੇ ਇਕ ਸੱਭਿਆਚਾਰ ਦੀ ਵਿਆਖਿਆ ਨਾਲੋਂ ਕਿਤੇ ਵੱਧ ਹੁੰਦੀ ਹੈ ਕਿਉਂਕਿ ਜਦੋਂ ਇਹ ਤੁਲਨਾ ਕੀਤੀ ਜਾਂਦੀ ਹੈ ਤਾਂ ਉਨ੍ਹਾਂ ਸੱਭਿਆਚਾਰਾਂ ਦੇ ਅੰਤਰ ਸਬੰਧਿਤ ਤੱਥ ਉੱਭਰ ਕੇ ਸਾਹਮਣੇ ਆਉਂਦੇ ਹਨ, ਜਿਸ ਤੋਂ ਉਨ੍ਹਾਂ ਦੇ ਸਾਂਝੇ ਹੋਣ ਦਾ ਪਰਿਣਾਮ ਮਿਲਦਾ ਹੈ। ਤੁਲਨਾਤਮਕ ਅਧਿਐਨ ਤੋਂ ਹੀ ਸਾਨੂੰ ਕਿਸੇ ਜਗ੍ਹਾ ਤੇ ਸੱਭਿਆਚਾਰ ਦੇ ਮੁੱਢਲੇ ਲੱਛਣਾਂ ਦਾ ਪਤਾ ਲੱਗਦਾ ਹੈ ਜੋ ਕਿ ਮਨੁੱਖੀ ਵਿਕਾਸ ਦੀ ਕਹਾਣੀ ਹੈ ਇਸ ਤੋਂ ਹੀ ਸਾਨੂੰ ਸੱਭਿਆਚਾਰ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਦੀ ਵੀ ਜਾਣਕਾਰੀ ਮਿਲਦੀ ਹੈ।

ਦੋ ਅਲੱਗ-ਅਲੱਗ ਭੂਗੋਲਿਕ ਖਿੱਤਿਆਂ ਦੀਆਂ ਆਪਣੀਆਂ ਅਲੱਗ-ਅਲੱਗ ਹੀ ਸੱਭਿਆਚਾਰਕ ਵਿਸ਼ੇਸ਼ਤਾਈਆਂ ਹੁੰਦੀਆਂ ਹਨ, ਜੋ ਉਸ ਨੂੰ ਬਾਕੀ ਰਾਜਾਂ ਨਾਲੋਂ ਸਭਿਆਚਾਰਕ ਤੌਰ ਤੌਰ ਉੱਤੇ ਨਿਖੇੜਦੀਆਂ ਹਨ ਕਿਉਂਕਿ ਹਰ ਜਗ੍ਹਾ ਦੇ ਸੱਭਿਆਚਾਰਕ ਨਿਯਮਾਂ ਨੂੰ ਘੜਨ ਤੇ ਪ੍ਰਵਾਨ ਕਰਨ ਵਾਲਾ ਉੱਥੋਂ ਦਾ ਸਥਾਨਕ ਸਮਾਜ ਹੁੰਦਾ ਹੈ ਇਸ ਲਈ ਇਸ ਅਧਿਐਨ ਨਾਲ ਉੱਥੋਂ ਦੇ ਸਮਾਜ ਦੇ ਵਿਵਹਾਰ ਦਾ ਅਧਿਐਨ ਵੀ ਹੋ ਜਾਂਦਾ ਹੈ ਜਿਸ ਨਾਲ ਉਸ ਸੱਭਿਆਚਾਰ ਵਿਸ਼ੇਸ਼ ਵਿਚਲੀਆਂ ਨਿਖੜਦੀਆਂ ਵਿਸ਼ੇਸ਼ਤਾਈਆਂ ਸਾਹਮਣੇ ਆਉਂਦੀਆਂ ਹਨ। ਇਸ ਅਧਿਐਨ ਦੇ ਨਾਲ ਵਿਸ਼ੇਸ਼ਤਾਵਾਂ ਦੇ ਨਾਲ ਨਾਲ ਸੱਭਿਆਚਾਰਕ ਊਣਤਾਈਆਂ ਵੀ ਉੱਭਰਦੀਆਂ ਹਨ।

ਅੱਜ ਦਾ ਸਮਾਜ ਗਲੋਬਲ ਸਮਾਜ ਹੈ ਯਾਤਾਯਾਤ ਦੇ ਸੰਚਾਰ ਦੇ ਸਾਧਨਾਂ ਦੇ ਵੱਧ ਜਾਣ ਕਾਰਨ ਅੱਜ ਦੁਨੀਆਂ ਬਹੁਤ ਛੋਟੀ ਹੋ ਗਈ ਹੈ, ਇਨ੍ਹਾਂ ਸੰਚਾਰ ਸਾਧਨਾਂ ਦੇ ਵਧਣ ਨਾਲ ਸੱਭਿਆਚਾਰਕ ਸੰਚਾਰ ਵੀ ਵਧੀਆ ਹੈ ਜਿਸ ਨਾਲ ਕਿਸੇ ਇੱਕ ਦੇਸ਼ ਦਾ ਸੱਭਿਆਚਾਰ ਦੂਜੇ ਦੇਸ਼ ਦੇ ਸੱਭਿਆਚਾਰ ਤੋਂ ਪ੍ਰਭਾਵਿਤ ਹੋ ਵੀ ਰਿਹਾ ਹੈ ਤੇ ਪ੍ਰਭਾਵਿਤ ਕਰ ਵੀ ਰਿਹਾ ਹੈ ਜਿਵੇਂ ਅੱਜ ਭਾਰਤੀ ਸੱਭਿਆਚਾਰਕ ਪੂਰੀ ਤਰ੍ਹਾਂ ਪੱਛਮੀ ਸੱਭਿਆਚਾਰ ਦੀ ਪਕੜ ਵਿੱਚ ਜਕੜਿਆ ਗਿਆ ਹੈ, ਤੁਲਨਾਤਮਕ ਅਧਿਐਨ ਇਸ ਪ੍ਰਭਾਵ ਦੀ ਵੀ ਵਿਆਖਿਆ ਕਰਦਾ ਹੈ।

ਦੋ ਸੱਭਿਆਚਾਰਾਂ ਦੇ ਤੁਲਨਾਤਮਕ ਅਧਿਐਨ ਤੋਂ ਉਨ੍ਹਾਂ ਦੇਸ਼ਾਂ ਰਾਜਾਂ ਦੇ ਵਿਕਾਸ ਦਾ ਵੀ ਪਤਾ ਲੱਗਦਾ ਹੈ, ਕਿਉਂਕਿ ਜਿਵੇਂ ਜਿਵੇਂ ਕੋਈ ਸਮਾਜ ਵਿਕਾਸ ਕਰਦਾ ਹੈ ਤੇ ਇਸ ਤਬਦੀਲੀ ਦਾ ਪ੍ਰਭਾਵ ਉਸਦੇ ਸੱਭਿਆਚਾਰ ਉੱਤੇ ਪੈਣਾ ਸੁਭਾਵਕ ਹੈ। ਤੁਲਨਾਤਮਕ ਅਧਿਐਨ ਇਸ ਵਿਕਾਸ ਪੜਾਅ ਨੂੰ ਬਾਖੂਬੀ ਪੇਸ਼ ਕਰਦਾ ਹੈ। ਕਿਸੇ ਵੀ ਦੇਸ਼ ਦਾ ਸੱਭਿਆਚਾਰ ਉੱਥੋਂ ਦੇ ਇਤਿਹਾਸ ਦੀ ਪ੍ਰਤੱਖ ਤਸਵੀਰ ਹੈ, ਤੁਲਨਾਤਮਕ ਅਧਿਐਨ ਕਰਨ ਉਤੇ ਸਾਨੂੰ ਕਿਸੇ ਸਥਾਨ ਦੀ ਹਰ ਇਤਿਹਾਸਕ ਗਾਥਾ ਦਾ ਗਿਆਨ ਹੁੰਦਾ ਹੈ, ਜਿਵੇਂ ਪੰਜਾਬੀਆਂ ਦਾ ਸੱਭਿਆਚਾਰ ਇੱਥੋਂ ਲਈ ਲੜਦੇ ਜੂਝਦੇ ਇਤਿਹਾਸ ਦੀ ਤਸਵੀਰ ਹੈ।

ਤੁਲਨਾਤਮਕ ਅਧਿਐਨ ਮਨੁੱਖਾਂ ਵਿੱਚ ਭਾਈਚਾਰਕ ਸਾਂਝ ਨੂੰ ਵੀ ਵਧਾਉਂਦਾ ਹੈ, ਦੇਸ਼ ਦੇ ਦੋ ਅਲੱਗ ਅਲੱਗ ਰਾਜਾਂ ਦੇ ਸੱਭਿਆਚਾਰਾਂ ਦਾ ਤੁਲਨਾਤਮਕ ਅਧਿਐਨ ਕੀਤਾ ਜਾਂਦਾ ਹੈ ਤਾਂ ਕਈ ਤੱਥ ਉਸ ਵਿਚ ਇਸ ਤਰ੍ਹਾਂ ਦੇ ਉਜਾਗਰ ਹੁੰਦੇ ਹਨ, ਜੋ ਉਨ੍ਹਾਂ ਨੂੰ ਅਨੇਕ ਵਿੱਚ ਏਕ ਹੋਣ ਦਾ ਅਹਿਸਾਸ ਕਰਵਾਉਂਦੇ ਹਨ, ਜਿਸ ਨਾਲ ਭਾਈਚਾਰਕ ਸਾਂਝ ਵਧਦੀ ਹੈ।

ਦੋ ਸੱਭਿਆਚਾਰਾਂ ਦੇ ਤੁਲਨਾਤਮਕ ਅਧਿਐਨ ਕਰਨ ਤੇ ਉਥੋਂ ਦੇ ਵਿਰਸੇ ਨੂੰ ਅਮੀਰ ਕਰਨ ਵਾਲੇ ਤੱਤ ਉੱਭਰਦੇ ਹਨ, ਇਨ੍ਹਾਂ ਤੱਤਾਂ ਨੂੰ ਆਪਣੇ ਸੱਭਿਆਚਾਰ ਵਿੱਚ ਅਪਣਾ ਕੇ ਦੂਜਾ ਸੱਭਿਆਚਾਰ ਵੀ ਅਮੀਰ ਹੋਣਾ ਲੋਚਦਾ ਹੈ। ਕੋਈ ਦੋ ਸੱਭਿਆਚਾਰਾਂ ਦਾ ਤੁਲਨਾਤਮਕ ਅਧਿਐਨ ਸੱਭਿਆਚਾਰਕ ਵਿਰਸੇ ਨੂੰ ਸਾਂਭਣ ਦਾ ਵੀ ਕੀਮਤੀ ਸਾਧਨ ਹੋ ਨਿੱਬੜਦਾ ਹੈ। ਇਹ ਅਧਿਐਨ ਕਿਸੇ ਸੱਭਿਆਚਾਰ ਦਾ ਮੋਟਾ ਮੋਟਾ ਅਧਿਐਨ ਨਹੀਂ, ਸਗੋਂ ਅਪ੍ਰਤੱਖ ਨੂੰ ਦੇਖਣ ਦਾ ਯਤਨ ਹੈ ਜਿਸ ਨਾਲ ਉਸ ਰਾਜ ਦੇ ਕੀਮਤੀ ਸੱਭਿਆਚਾਰ ਨੂੰ ਉਸਦੇ ਸ਼ੁੱਧ ਰੂਪ ਵਿੱਚ ਸੰਭਾਲਿਆ ਜਾ ਸਕੇ।

ਤੁਲਨਾਤਮਕ ਅਧਿਐਨ ਦੇ ਸਿਧਾਂਤਕ ਅਧਿਐਨ ਦਾ ਮਹੱਤਵ ਬਹੁ ਪੱਖੀ ਹੈ ਅਤੇ ਇਸ ਦੀ ਆਪਣੀ ਵੱਖਰੀ ਪਛਾਣ ਹੁੰਦੀ ਹੈ,



Scanned with CamScanner

ਇਸ ਰਾਹੀਂ ਸਾਨੂੰ ਤੁਲਨਾਤਮਕ ਅਧਿਐਨ ਦੀ ਚੰਗੀ ਸੂਝ ਹਾਸਲ ਹੁੰਦੀ ਹੈ ਅਤੇ ਮੁਲਾਂਕਣ ਲਈ ਸੁਚੱਜੀ ਕਸੌਟੀ ਦਾ ਵੀ ਪਤਾ ਲੱਗਦਾ ਹੈ। ਤੁਲਨਾਤਮਕ ਅਧਿਐਨ ਨੂੰ ਅਜੋਕੇ ਮਨੁੱਖੀ ਸੰਪਰਕਾਂ ਦਾ ਵਡਮੁੱਲਾ ਖੇਤਰ ਪ੍ਰਵਾਨ ਕੀਤਾ ਗਿਆ ਹੈ। ਤੁਲਨਾਤਮਕ ਅਧਿਐਨ ਲਈ ਹੇਠ ਲਿਖੀਆਂ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ।

ਤੁਲਨਾਤਮਕ ਅਧਿਐਨ ਲਈ ਜ਼ਰੂਰੀ ਹੈ ਕਿ ਜਿਹੜੇ ਦੋ ਵਿਸ਼ੇ ਤੁਲਨਾ ਲਈ ਚੁਣੇ ਗਏ ਹਨ ਉਹ ਤੁਲਨਾ ਦੇ ਯੋਗ ਹੋਣ। ਉਨ੍ਹਾਂ ਨੂੰ ਕੋਈ ਸਾਂਝੀ ਪ੍ਰਵਿਰਤੀ ਦਾ ਵਿਸ਼ਾ ਆਪਸ ਵਿੱਚ ਜਰੂਰ ਜੋੜ ਰਿਹਾ ਹੋਵੇ। ਇਸਦੇ ਅਭਾਵ ਵਿੱਚ ਤੁਲਨਾ ਦਾ ਕੋਈ ਅਰਥ ਨਹੀਂ। ਕਿਉਂਕਿ ਤੁਲਨਾਤਮਕ ਅਧਿਐਨ ਤੁਲਨਾ ਯੋਗ ਕ੍ਰਿਤੀਆਂ ਨਾਲ ਹੀ ਆਰੰਭ ਹੁੰਦੀ ਹੈ। ਦੇਸ਼ /ਕਾਲ ਦੀਆਂ ਸੀਮਾਵਾਂ ਅਧਿਐਨ ਕਰਤਾ ਦੇ ਰਾਹ ਵਿੱਚ ਰੁਕਾਵਟ ਨਹੀਂ ਬਣਦੀਆਂ। ਤੁਲਨਾਤਮਕ ਅਧਿਐਨ ਦੀ ਵਿਧੀ ਆਪਣੇ ਆਪ ਨੂੰ ਦੇਸ਼ਾਂ ਭਾਸ਼ਾਵਾਂ ਦੀਆਂ ਹੱਦਾਂ ਤੋਂ ਅੱਗੇ ਵਿਸ਼ਵ ਦੇ ਸਮੁੱਚੇ ਸਾਹਿਤ ਤੇ ਸੱਭਿਆਚਾਰ ਨੂੰ ਆਪਣਾ ਵਿਸ਼ਾ ਬਣਾਉਂਦੀ ਹੋਈ, ਸਾਹਿਤ ਤੇ ਸੱਭਿਆਚਾਰ ਦੇ ਸਰਬ ਵਿਆਪਕ ਰੂਪ ਲੱਭਣ ਵੱਲ ਰੁਚਿਤ ਹੈ। ਇਹ ਵਿਧੀ ਸਮੁੱਚੇ ਵਿਸ਼ਵ ਨੂੰ ਇਕ ਇਕਾਈ ਦੇ ਰੂਪ ਵਿੱਚ ਵੇਖਦੀ ਹੋਈ ਵਿਸ਼ਵ ਦੇ ਸਮੁੱਚੇ ਸਾਹਿਤ ਤੇ ਸੱਭਿਆਚਾਰ ਨੂੰ ਸੰਗਠਿਤ ਰੂਪ ਵਿੱਚ ਵੇਖਦੀ ਹੈ ਇਸਦੇ ਨਾਲ ਹੀ ਇਹ ਵਿਧੀ ਆਂਚਲਿਕ ਪ੍ਰਾਦੇਸ਼ਕ , ਰਾਸਟਰੀ ਦੇਸ਼ ਕਾਲਕ ਪਹਿਚਾਣ ਦਾ ਨਿਰਾਕਰਨ ਕੀਤੇ ਬਿਨਾਂ ਸਾਹਿਤ ਤੇ ਸੱਭਿਆਚਾਰ ਦੇ ਸਰਬਕਾਲੀ ਤੇ ਸਰਬ ਵਿਆਪਕ ਰੂਪ ਦੀ ਪਹਿਚਾਣ ਕਰਦੀ ਹੈ। ਇਹ ਵਿਧੀ ਸੱਭਿਆਚਾਰ ਨੂੰ ਸਾਹਿਤ, ਗਿਆਨ ਅਨੁਸ਼ਾਸਨਾਂ, ਮਨੋਵਿਗਿਆਨ, ਦਰਸ਼ਨ, ਧਰਮ ਸਮਾਜ ਸ਼ਾਸਤਰ, ਇਤਿਹਾਸ ਆਦਿ ਨਾਲ ਜੋੜਨ ਦਾ ਕਾਰਗਰ ਉਪਰਾਲਾ ਕਰਦੀ ਹੈ। ਇਹ ਵਿਧੀ ਲੇਖਕ ਨੂੰ ਵਿਸ਼ਵ ਮਨੁੱਖ ਦੀ ਗੱਲ ਕਰਨ ਲਈ ਪ੍ਰੇਰਦੀ ਹੈ ਅਤੇ ਵਿਸ਼ਵ ਭਾਈਚਾਰੇ ਵੱਲ ਕਦਮ ਪੁੱਟਦੀ ਹੈ।

ਤੁਲਨਾਤਮਕ ਅਧਿਐਨ ਕਰਤਾ ਲਈ ਜਰੂਰੀ ਹੈ ਕਿ ਉਹ ਸੂਖ਼ਮ ਤੇ ਸੰਤੁਲਿਤ ਵਿਸ਼ਲੇਸ਼ਣ ਕਰੇ ਤੇ ਅਧਿਐਨ ਦੀ ਤਹਿ ਤੱਕ ਜਾਵੇ ਸਾਹਿਤ ਸੱਭਿਆਚਾਰਾਂ ਦੇ ਸਮਾਜਿਕ ਰਾਜਨੀਤਿਕ ਧਾਰਮਿਕ ਆਰਥਿਕ ਸਾਂਸਕ੍ਰਿਤਕ ਸੰਦਰਭ ਪਛਾਣ ਕੇ ਨਿਕਟ ਅਧਿਐਨ ਤੋਂ ਬਿਨਾਂ ਐਸਾ ਸੰਭਵ ਨਹੀਂ ਹੈ। ਡਾ ਹਰਭਜਨ ਸਿੰਘ ਤੁਲਨਾਤਮਕ ਅਧਿਅਨ ਦੀ ਵਿਧੀ ਬਾਰੇ ਜਾਣਕਾਰੀ ਦਿੰਦੇ ਹਨ ਕਿ :-

"ਲਾਗੂ (Application) ਅਤੇ ਇਕਮਿਕ (Implication) ਦੇ ਅੰਤਰ ਨੂੰ ਸਮਝ ਲੈਣ ਨਾਲ ਤੁਲਨਾਤਮਕ ਚਿੰਤਨ ਦਾ ਕੰਮ ਨਿਰਸੰਕੋਚ ਚੱਲ ਸਕਦਾ ਹੈ ਤੁਲਨਾਤਮਕ ਚਿੰਤਨ ਨਿਰੋਲ ਸਾਹਿਤ ਤਕ ਸੀਮਿਤ ਨਹੀਂ ਖ਼ੁਦ ਤੁਲਨਾਤਮਕ ਸਾਹਿਤ ਦਾ ਵੀ ਘੇਰਾ ਖਾਸਾ ਵਿਸ਼ਾਲ ਹੈ ਨਾ ਇਹ ਦੋ ਵੱਖੋ ਵੱਖਰੀਆਂ ਭਾਸ਼ਕ ਰਚਨਾਵਾਂ ਦੀ ਤੁਲਨਾ ਤੋਂ ਸ਼ੁਰੂ ਹੁੰਦਾ ਹੈ ਨਾ ਇੱਥੇ ਖਤਮ ਹੁੰਦਾ ਹੈ ਇਹ ਕੇਵਲ ਇਕ ਸਾਹਿਤ ਰਚਨਾ ਦੇ ਅਨੇਕ ਪੈਰਾਡਾਈਮਾਂ ਨੂੰ ਵੀ ਉਜਾਗਰ ਕਰ ਸਕਦਾ ਹੈ ਅਤੇ ਸਾਹਿਤ ਗਿਆਨ ਦੇ ਸਾਹਿਤ ਬਾਹਰੇ ਗਿਆਨ ਨੂੰ ਵੀ ਤੁਲਨਾ ਦਾ ਵਿਸ਼ਾ ਬਣਾ ਸਕਦਾ ਹੈ ਤੁਲਨਾਤਮਕ ਸਾਹਿਤ ਵਿਸ਼ਾਲ ਤੁਲਨਾਤਮਕ ਉੱਦਮ ਦਾ ਇੱਕ ਅੰਗ ਹੈ, ਜੋ ਵਿਗਿਆਨ ਕਲਾ ਦਰਸਨ ਸਭਨਾਂ ਨੂੰ ਆਪਣੇ ਘੇਰੇ ਵਿੱਚ ਲੈ ਸਕਣ ਦੇ ਸਮਰੱਥ ਹੈ ਕਦੀ ਕਦੀ ਸਾਹਿਤਕ ਅੰਤਰਦ੍ਰਿਸ਼ਟੀ ਕਿਸੇ ਵਿਗਿਆਨ ਨੂੰ ਵਿਸਤਾਰਨ ਦਾ ਵਸੀਲਾ ਵੀ ਬਣ ਸਕਦੀ ਹੈ।"[6]

ਤੁਲਨਾਤਮਕ ਅਧਿਐਨ ਦੀ ਹੋਂਦ ਸਰੰਚਨਾ ਦੀ ਏਕਤਾ ਵਿੱਚ ਹੈ ਇਹ ਕਿਸੇ ਮਾੜੇ ਮੋਟੇ ਬੰਦੇ ਦਾ ਕੰਮ ਨਹੀਂ ਵਿਗਿਆਨੀ ਦੇ ਕਰਨ ਵਾਲਾ ਕੰਮ ਹੈ ਲੇਖਕ ਖਿੰਡਰੀ ਹੋਈ ਸਮੱਗਰੀ ਨੂੰ ਇੱਕ ਥਾਂ ਬੰਨ੍ਹ ਦਿੰਦਾ ਹੈ ਉਸ ਦੀ ਅਨੇਕਤਾ ਪ੍ਰਤੀ ਸੁਚੇਤ ਹੋਏ ਬਗੈਰ। ਤੁਲਨਾਤਮਕ ਅਧਿਐਨ ਕਰਤਾ ਇਸ ਬੱਝੀ ਹੋਈ ਰਚਨਾ ਨੂੰ ਖੋਲ੍ਹਦਾ ਅਤੇ ਉਸਦੀ ਅਨੇਕਮੁਖਤਾ ਪ੍ਰਤੀ ਚੇਤਨਾ ਜਗਾਉਂਦਾ ਹੈ। ਇਹ ਵਸਤੂ ਨੂੰ ਗਿਆਨ ਵਿੱਚ ਬਦਲਣ ਦੀ ਪ੍ਰਕਿਰਿਆ ਹੈ।

ਸੋ ਤੁਲਨਾਤਮਕ ਅਧਿਐਨ ਰਾਹੀਂ ਸਾਨੂੰ ਮਨੁੱਖੀ ਅਨੁਭਵ ਦੇ ਵਿਸਥਾਰ ਅਤੇ ਇਸ ਦੀ ਸੁਹਜਾਤਮਕ ਸ੍ਰੇਸ਼ਟਤਾ ਦੀ ਸੂਝ ਹਾਸਲ ਹੁੰਦੀ ਹੈ ਇਸ ਨਾਲ ਸਾਹਿਤ ਦਾ ਇਤਿਹਾਸ ਮੂਲਕ ਅਧਿਐਨ ਪਾਸਾਰ ਵਧੇਰੇ ਪੁਸ਼ਟ ਹੁੰਦਾ ਹੈ ਅਤੇ ਨਾਲ ਹੀ ਧਾਰਾਵਾਂ, ਕਾਲ, ਪ੍ਰਭਾਵਾਂ ਅਤੇ ਸਮਾਜਿਕ ਰਾਜਸੀ ਤੇ ਦਾਰਸ਼ਨਿਕ ਪਿੱਠਭੂਮੀ ਨਾਲ ਸਬੰਧਾਂ ਦਾ ਪਤਾ ਲੱਗਦਾ ਹੈ। ਇਸ ਤਰ੍ਹਾਂ ਤੁਲਨਾਤਮਕ ਅਧਿਐਨ ਮਹੱਤਵਪੂਰਨ ਵੀ ਹੈ ਅਤੇ ਵਿਸ਼ਿਸ਼ਟ ਵੀ।

## ਹਵਾਲੇ ਤੇ ਟਿੱਪਣੀਆਂ


1. ਸਤਿੰਦਰ ਸਿੰਘ (ਸੰਪਾ.) 'ਤੁਲਨਾਤਮਕ ਭਾਰਤੀ ਸਾਹਿਤ' ਪੰਨਾ 11.
2. ਉਹੀ, ਪੰਨਾ 13.
3. ਡਾ. ਨਗੇਂਦਰ, 'ਤੁਲਨਾਤਮਕ ਸਾਹਿਤਯ' (ਹਿੰਦੀ) ਪੰਨਾ 112.
4. ਸਤਿੰਦਰ ਸਿੰਘ (ਸੰਪਾ।) 'ਤੁਲਨਾਤਮਕ ਭਾਰਤੀ ਸਾਹਿਤ' ਪੰਨਾ 107.
5. ਡਾ. ਗੁਰਬਖਸ਼ ਸਿੰਘ, 'ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ' ਪੰਨਾ 10.
6. ਸਤਿੰਦਰ ਸਿੰਘ (ਸੰਪਾ.) 'ਤੁਲਨਾਤਮਕ ਭਾਰਤੀ ਸਾਹਿਤ' ਪੰਨਾ 110.



ਮੋਬਾ. 896837658



Scanned with CamScanner